# ਨੰਗੇ ਪੈਰ ਸੁੰਬਰ ਲਈ ਵੇਹੜਾ

ਨੰਗੇ ਪੈਰ, ਸੁੰਬਰ ਲਈ ਵੇਹੜਾ,
ਬਾਬੇ/ਜੋਗੀ ਨੇ ਆਉਣਾ, ਦੋ ਘੜ੍ਹੀਆਂ ॥
ਆਉਣਾ ਦੋ ਘੜ੍ਹੀਆਂ, ਜੀ ਆਉਣਾ ਦੋ ਘੜ੍ਹੀਆਂ ।
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਬਹੁੜੀ ਬਹੁੜੀ ਵੇ, ਗੁਫ਼ਾ ਦੀਆ ਮਾਲਕਾ,
ਤੇਰੇ ਹੱਥ ਡੋਰਾਂ ਮੇਰੀਆਂ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਸਦਾ ਲੋੜ, ਭਗਤਾਂ ਨੂੰ ਹੈ ਤੇਰੀ,
ਤਲਾਈਆਂ ਵਿੱਚ, ਰਹਿਣ ਵਾਲਿਆਂ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਕਿਤੇ ਟੱਕਰੇ ਤਾਂ, ਹਾਲ ਸੁਣਾਵਾਂ,
ਕਿ ਦੁੱਖਾਂ ਵਿੱਚ, ਪੈ ਗਈ ਜਿੰਦਗੀ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਜੋਗੀ ਪੁੱਛਦਾ, ਪਹਾੜੋਂ ਆ ਕੇ,
ਕਿ ਕੀ ਗੱਲ, ਹੋ ਗਈ ਭਗਤੋ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਤੇਰਾ ਲਾਲ, ਮੰਦਿਰਾਂ ਵਿੱਚ ਖੇੜੇ,
ਜੀ ਰੱਖਿਓ, ਖਿਆਲ ਬਾਬਾ ਜੀ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਜਿਵੇਂ ਪਿਛਲੀਆਂ, ਸੰਗਤਾਂ ਨੂੰ ਤਾਰਿਆ,
ਉਵੇਂ ਹੀ ਸਾਨੂੰ, ਤਾਰੋ ਬਾਬਾ ਜੀ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਤੈਨੂੰ ਬਾਬਾ ਜੀ, ਕਿਸੇ ਨਹੀਂਓਂ ਕਹਿਣਾ,
ਜੇ ਤੂੰ ਮੇਰੀ, ਲਾਜ਼ ਨਾ ਰੱਖੀ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਮੇਰਾ ਕੁਝ ਵੀ, ਗਰੀਬ ਦਾ ਨਹੀਂ ਜਾਣਾ,
ਵੇ ਧੱਕੇ ਪੈਣੇ, ਤੇਰੇ ਨਾਮ ਨੂੰ ॥
ਨੰਗੇ ਪੈਰ, ਸੁੰਬਰ ਲਈ ਵੇਹੜਾ,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25323/title/nange-pair-sunbar-layi-vehda

अपने Android मोबाइल पर BhajanGanga App डाउनलोड करें और भजनों का आनंद ले |